Sunshine Coast COUNCIL | Our region. Healthy. Smart. Creative.

Welcome
Multicultural Welcome Hub

INFORMATION SHEET

# ਕੌਂਸਲ ਦੀਆਂ ਦਰਾਂ ਅਤੇ ਖ਼ਰਚੇ

## ਕੌਂਸਲ ਦਰਾਂ ਕਿਉਂ ਲੈਂਦੀ ਹੈ?

ਭਾਈਚਾਰੇ ਨੂੰ ਲੋੜੀਂਦੀਆਂ ਸੇਵਾਵਾਂ ਅਤੇ ਸਹੂਲਤਾਂ ਨੂੰ ਧਨ-ਰਾਸ਼ੀ ਦੇਣ ਲਈ ਕੌਂਸਲ ਸੰਪੱਤੀ ਮਾਲਕਾਂ ਤੋਂ ਖ਼ਰਚਾ ਲੈਂਦੀ ਹੈ ਇਨ੍ਹਾਂ ਸੇਵਾਵਾਂ ਵਿੱਚ ਲਾਇਬ੍ਰੇਰੀਆਂ, ਸਥਾਨਕ ਸੜਕਾਂ ਅਤੇ ਆਵਾਜਾਈ ਸਾਧਨ, ਪਾਰਕ ਅਤੇ ਬਗੀਚੇ, ਵਾਤਾਵਰਣ ਅਤੇ ਆਰਥਿਕ ਪਹਿਲਕਦਮੀਆਂ ਸ਼ਾਮਲ ਹਨ

ਹਰ ਸਾਲ, ਕੌਂਸਲ ਉਨ੍ਹਾਂ ਦਰਾਂ ਅਤੇ ਖਰਚਿਆਂ ਦਾ ਫੈਸਲਾ ਕਰਦੀ ਹੈ ਜੋ ਆਉਣ ਵਾਲੇ ਵਿੱਤੀ ਵਰ੍ਹੇ ਲਈ ਲਾਗੂ ਹੋਣਗੇ

ਨੋਟ * ਜੇ ਤੁਸੀਂ ਆਪਣਾ ਘਰ ਕਿਰਾਏ 'ਤੇ ਲੈਂਦੇ ਹੋ ਤਾਂ ਤੁਹਾਨੂੰ ਖ਼ਰਚਾ ਦੇਣ ਦੀ ਜ਼ਰੂਰਤ ਨਹੀਂ ਹੈ ਇਹ ਤੁਹਾਡੇ ਹਫਤਾਵਾਰੀ ਕਿਰਾਏ ਵਿੱਚ ਸ਼ਾਮਲ ਹੈ।

## ਕੌਂਸਲ ਰੇਟਾਂ ਨੂੰ ਕਿਵੇਂ ਲੈਂਦੀ ਹੈ?

ਕੌਂਸਲ ਸੰਪਤੀ ਮਾਲਕਾਂ ਨੂੰ ਸਾਲ ਵਿੱਚ ਦੋ ਵਾਰ ਰੇਟ ਨੋਟਿਸ ਜਾਰੀ ਕਰਦੀ ਹੈ:

- ਜਨਵਰੀ ਵਿੱਚ - 1 ਜਨਵਰੀ ਤੋਂ 30 ਜੂਨ ਤੱਕ ਛੇ ਮਹੀਨਿਆਂ ਦੀ ਮਿਆਦ ਲਈ ਅਤੇ
- ਜੁਲਾਈ ਵਿੱਚ - 1 ਜੁਲਾਈ ਤੋਂ 31 ਦਸੰਬਰ ਤੱਕ ਛੇ ਮਹੀਨਿਆਂ ਦੀ ਮਿਆਦ ਲਈ




## ਮੇਰੇ ਰੇਟ ਕਿਵੇਂ ਗਿਣੇ ਜਾਂਦੇ ਹਨ?

ਕੌਂਸਲ ਹਰੇਕ ਸੰਪਤੀ ਨੂੰ ਰੇਟਿੰਗ ਸ਼੍ਰੇਣੀ ਨਿਰਧਾਰਤ ਕਰਦੀ ਹੈ। ਰੇਟਿੰਗ ਸ਼੍ਰੇਣੀ ਤੁਹਾਡੇ ਰੇਟ ਨੋਟਿਸ 'ਤੇ ਦਰਸਾਈ ਗਈ ਹੈ ਅਤੇ ਦਰਾਂ ਦਾ ਇੱਕ ਤਹਿ ਸੂਚੀ-ਪੱਤਰ ਖ਼ਰਚਿਆ ਦਾ ਵੇਰਵਾ ਦੱਸਦਾ ਹੈ ਜੋ ਹਰੇਕ ਰੇਟ ਸ਼੍ਰੇਣੀ 'ਤੇ ਲਾਗੂ ਹੁੰਦੇ ਹਨ।

ਜੇ ਤੁਹਾਡੇ ਕੋਈ ਹੋਰ ਪ੍ਰਸ਼ਨ ਤਾਂ ਕਿਰਪਾ ਕਰਕੇ ਕੌਂਸਲ ਦੇ ਸੰਪਰਕ ਕੇਂਦਰ ਨਾਲ ਸੰਪਰਕ ਕਰੋ ਜਾਂ ਈਮੇਲ ਕਰੋ rates@sunshinecoast.qld.gov.au.

ਨੋਟ: * ਜ਼ਮੀਨੀ ਮੁਲਾਂਕਣ ਕੁਈਨਜ਼ਲੈਂਡ ਸਰਕਾਰ ਦੇ ਕੁਦਰਤੀ ਸਰੋਤ, ਖਾਣਾਂ ਅਤੇ ਊਰਜਾ ਵਿਭਾਗ ਦੁਆਰਾ ਜਾਇਦਾਦ ਦੇ ਮਾਲਕਾਂ ਨੂੰ ਜਾਰੀ ਕੀਤੇ ਜਾਂਦੇ ਹਨ ਅਤੇ ਤੁਹਾਡੀਆਂ ਰੇਟ ਨੋਟਿਸ 'ਤੇ ਲਿਖੇ ਹੁੰਦੇ ਹਨ।

## ਮੇਰੇ ਰੇਟ ਨੋਟਿਸਾਂ 'ਤੇ ਹੋਰ ਕਿਹੜੇ ਖਰਚੇ ਹੁੰਦੇ ਹਨ?

ਕੌਂਸਲਾਂ ਵਿੱਚ ਤੁਹਾਡੇ ਰੇਟ ਨੋਟਿਸ 'ਤੇ ਵੱਖਰੇ ਜਾਂ ਵਿਸ਼ੇਸ਼ ਰੇਟ ਜਾਂ ਖ਼ਰਚੇ ਸ਼ਾਮਲ ਹੋ ਸਕਦੇ ਹਨ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:

- ਵਾਤਾਵਰਣ ਲੇਵੀ
- ਟਰਾਂਸਪੋਰਟ ਲੇਵੀ

Queensland Government

- ਵਿਰਾਸਤੀ ਟੈਕਸ

ਕੌਂਸਲ ਕੂੜਾ ਇਕੱਠਾ ਕਰਨ ਵਾਲੀਆਂ ਸੇਵਾਵਾਂ ਦੀ ਵਿਵਸਥਾ ਦਾ ਖਰਚਾ ਵੀ ਸ਼ਾਮਲ ਕਰ ਸਕਦੀ ਹੈ। ਰੇਟ ਨੋਟਿਸ 'ਤੇ ਕੂੜੇਦਾਨ ਦਾ ਆਕਾਰ ਅਤੇ ਵੇਰਵਾ ਅਤੇ ਸਬੰਧਤ ਚਾਰਜ ਦਰਸਾਇਆ ਜਾਂਦਾ ਹੈ।

ਵਿਸ਼ੇਸ਼ ਦਰਾਂ ਅਤੇ ਵਿਸ਼ੇਸ਼ ਖਰਚਿਆਂ ਬਾਰੇ ਵਧੇਰੇ ਜਾਣਕਾਰੀ ਕੌਂਸਲ ਦੀ ਵੈਬਸਾਈਟ ਜਾਂ ਕੌਂਸਲ ਦੇ ਗਾਹਕ ਸੰਪਰਕ ਕੇਂਦਰ 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

## ਮੈਨੂੰ ਆਪਣੇ ਰੇਟ ਕਦੋਂ ਭਰਨੇ ਪੈਣਗੇ?

ਤੁਹਾਡੇ ਰੇਟ ਨੋਟਿਸ 'ਤੇ ਭੁਗਤਾਨ ਕਰਨ ਦੀ ਇੱਕ ਨਿਰਧਾਰਤ ਮਿਤੀ ਲਿਖੀ ਹੋਵੇਗੀ। ਜੇ ਤੁਸੀਂ ਇਸ ਭੁਗਤਾਨ ਮਿਤੀ ਨੂੰ ਖੁੰਝਾ ਦਿੰਦੇ ਹੋ ਤਾਂ ਤੁਸੀਂ ਆਪਣੇ ਰੇਟ ਨੋਟਿਸ 'ਤੇ ਦੱਸੀ ਗਈ ਛੂਟ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਵੋਗੇ। ਜੇ ਤੁਹਾਨੂੰ ਆਪਣੇ ਰੇਟ ਭਰਨ ਵਿੱਚ ਮੁਸ਼ਕਲ ਆ ਰਹੀ ਹੈ ਤਾਂ ਕਿਰਪਾ ਕਰਕੇ ਸਹਾਇਤਾ ਲੈਣ ਲਈ ਕੌਂਸਲ ਨਾਲ ਸੰਪਰਕ ਕਰੋ। ਕਿਰਪਾ ਕਰਕੇ ਨੋਟ ਕਰੋ ਕਿ ਕੌਂਸਲ ਦੇਰ ਨਾਲ ਅਦਾਇਗੀ ਕਰਨ 'ਤੇ ਵਿਆਜ ਲੈਂਦੀ ਹੈ।

## ਮੈਂ ਆਪਣੇ ਰੇਟ ਕਿਵੇਂ ਭਰਾਂ?

ਆਪਣੇ ਰੇਟ ਨੋਟਿਸ ਦਾ ਭੁਗਤਾਨ ਕਿਵੇਂ ਕਰਨਾ ਹੈ ਇਸਦੇ ਵੇਰਵੇ ਤੁਹਾਡੇ ਨੋਟਿਸ 'ਤੇ ਦਰਸਾਏ ਗਏ ਹਨ, ਇਸਦੇ ਬਹੁਤ ਸਾਰੇ ਵਿਕਲਪ ਹਨ ਜਿਵੇਂਕਿ ਫੋਨ ਦੁਆਰਾ ਭੁਗਤਾਨ ਕਰਨਾ, ਸਿੱਧਾ ਬੈਂਕ-ਖਾਤੇ ਵਿੱਚੋਂ ਕਟਵਾਉਣਾ, ਡਾਕਘਰ ਵਿਚ ਭੁਗਤਾਨ ਕਰਨਾ ਜਾਂ Nambour, Maroochydore ਜਾਂ Caloundra ਵਿਚ ਸਥਿਤ ਕੌਂਸਲ ਦਫਤਰਾਂ ਵਿਚ ਭੁਗਤਾਨ ਕਰਨਾ ਸ਼ਾਮਲ ਹਨ

## ਮੈਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਕਿਰਪਾ ਕਰਕੇ ਆਪਣੇ ਰੇਟ ਨੋਟਿਸ ਦੇ ਪਿਛਲੇ ਪਾਸੇ ਦਿੱਤੀ ਮਹੱਤਵਪੂਰਣ ਜਾਣਕਾਰੀ ਨੂੰ ਪੜ੍ਹੋ

ਪੈਨਸ਼ਨਰ ਰੇਟ ਰਿਆਇਤਾਂ, ਆਪਣੀ ਰੇਟ ਸ਼੍ਰੇਣੀ 'ਤੇ ਇਤਰਾਜ਼ ਜਤਾਉਣਾ, ਭੁਗਤਾਨ ਵਿਕਲਪਾਂ ਅਤੇ ਭੁਗਤਾਨ ਪ੍ਰਬੰਧਾਂ ਬਾਰੇ ਵੇਰਵਿਆਂ ਸਹਿਤ ਵਧੇਰੇ ਜਾਣਕਾਰੀ, ਕੌਂਸਲ ਦੀ ਵੈਬਸਾਈਟ 'ਤੇ ਜਾਂ ਕੌਂਸਲ ਦੇ ਗਾਹਕ ਸੰਪਰਕ ਕੇਂਦਰ ਨਾਲ ਸੰਪਰਕ ਕਰਕੇ ਲਈ ਜਾ ਸਕਦੀ ਹੈ

## ਮਲਟੀਕਲਚਰਲ ਵੈਲਕਮ ਹੱਬ

ਇਹ ਪਤਾ ਲਗਾਓ ਕਿ ਤੁਹਾਨੂੰ ਸਹਾਇਤਾ ਕਿੱਥੋਂ ਮਿਲ ਸਕਦੀ ਹੈ, ਤੁਸੀਂ ਲੋਕਾਂ ਨੂੰ ਕਿਵੇਂ ਮਿਲ ਸਕਦੇ ਹੋ ਅਤੇ ਆਪਣੇ ਨਵੇਂ ਭਾਈਚਾਰੇ ਦਾ ਪਤਾ ਲਗਾ ਸਕਦੇ ਹੋ। ਹੋਰ ਪ੍ਰਵਾਸੀਆਂ ਦੀਆਂ ਕਹਾਣੀਆਂ ਸੁਣੋ।

www.sunshinecoast.qld.gov.au/multicultural

## ਕੀ ਤੁਹਾਨੂੰ ਭਾਸ਼ਾ 'ਚ ਮਦਦ ਚਾਹੀਦੀ ਹੈ?

ਜੇ ਤੁਹਾਨੂੰ ਅੰਗ੍ਰੇਜ਼ੀ ਬੋਲਣ ਜਾਂ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਸੀਂ 131 450 'ਤੇ ਅਨੁਵਾਦਕ ਅਤੇ ਦੁਭਾਸ਼ੀਆ ਸੇਵਾ (ਟੀ.ਆਈ.ਐੱਸ.) ਨੂੰ ਫ਼ੋਨ ਕਰ ਸਕਦੇ ਹੋ ਅਤੇ ਸਨਸ਼ਾਈਨ ਕੋਸਟ ਕੌਂਸਲ ਨੂੰ 5475 7272 'ਤੇ ਫ਼ੋਨ ਕਰਨ ਦੀ ਬੇਨਤੀ ਕਰ ਸਕਦੇ ਹੋ।

## ਔਨਲਾਈਨ ਜਾਣਕਾਰੀ ਦਾ ਅਨੁਵਾਦ ਕਰਨਾ

ਤੁਸੀਂ ਵੈੱਬਪੇਜਾਂ ਨੂੰ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਗੂਗਲ ਕਰੋਮ ਦੀ ਵਰਤੋਂ ਕਰ ਸਕਦੇ ਹੋ। ਇਸ ਕਾਰਜ ਨੂੰ ਸਰਗਰਮ ਕਰਨ ਲਈ ਇਨ੍ਹਾਂ ਗੱਲਾਂ ਦੀ ਪਾਲਣਾ ਕਰੋ:

- ਆਪਣੇ ਕੰਪਿਊਟਰ' ਤੇ, ਕਰੋਮ ਖੋਲ੍ਹੋ।
- ਉੱਪਰ ਸੱਜੇ ਪਾਸੇ 'ਤੇ, ਹੋਰ ਸੈਟਿੰਗਜ਼ 'ਤੇ ਕਲਿਕ ਕਰੋ।
- ਥੱਲੇ ਜਾਕੇ, ਐਡਵਾਂਸਡ 'ਤੇ ਕਲਿੱਕ ਕਰੋ।
- "ਭਾਸ਼ਾਵਾਂ" ਦੇ ਅਧੀਨ, ਭਾਸ਼ਾ 'ਤੇ ਕਲਿਕ ਕਰੋ।
- ਚੈੱਕ ਕਰੋ ਜਾਂ ਅਨਚੈਕ ਕਰੋ "ਉਨ੍ਹਾਂ ਪੰਨਿਆਂ ਦਾ ਅਨੁਵਾਦ ਕਰਨ ਦੀ ਪੇਸ਼ਕਸ਼ ਕਰੋ ਜਿਹੜੇ ਤੁਹਾਡੇ ਪੜ੍ਹਨ ਵਾਲੀ ਭਾਸ਼ਾ ਵਿੱਚ ਨਹੀਂ ਹਨ। "

ਅਗਸਤ 2019 ਨੂੰ ਮੌਜੂਦਾ ਤੌਰ 'ਤੇ

**Sunshine Coast Council**
**www.sunshinecoast.qld.gov.au**
mail@sunshinecoast.qld.gov.au
**T** 07 5475 7272 **F** 07 5475 7277
Locked Bag 72 Sunshine Coast Mail Centre Qld 4560